Roll No. . ...........

Total No. of Questions : 10]

# 002/A

[Total No. of Printed Pages : 5

SS

2326

ਸਲਾਨਾ ਪਰੀਖਿਆ ਪ੍ਰਣਾਲੀ

# GENERAL PUNJABI

## (Common for All Groups and Vocational Stream)

**Time Allowed : 3 Hours** **Maximum Marks : 80**

*ਨੋਟ :* (i) *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ 002 ਜ਼ਰੂਰ ਦਰਜ ਕਰੋ।*

(ii) *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।*

(iii) *ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।*

(iv) ***ਸਾਰੇ ਪ੍ਰਸ਼ਨ ਜ਼ਰੂਰੀ ਹਨ।***

(v) *ਪ੍ਰਸ਼ਨ ਪੱਤਰ ਦੇ ਕੁੱਲ 10 ਪ੍ਰਸ਼ਨ ਹਨ।*

1. **ਵਸਤੂਨਿਸ਼ਠ ਪ੍ਰਸ਼ਨ :** **20x1=20**

**ਭਾਗ – ੳ : ਬਹੁ-ਚੋਣਵੇਂ ਉੱਤਰਾਂ ਵਾਲ਼ੇ ਪ੍ਰਸ਼ਨ :** **5x1=5**

(i) ਗੱਭਰੂਆਂ ਦੇ ਲੋਕ-ਨਾਚ 'ਭੰਗੜੇ' ਨੂੰ ਹੋਰ ਕਿਹੜੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ ? 1

(ੳ) ਕਿਰਸਾਣੀ-ਨਾਚ (ਅ) ਫ਼ਸਲ-ਨਾਚ

(ੲ) ਵਿਸਾਖੀ-ਨਾਚ (ਸ) ਉਪਰੋਕਤ ਸਾਰੇ

(ii) ਨਵਜੰਮੇ ਮੁੰਡੇ ਲਈ ਨਹਾਉਣ ਵਾਲ਼ਾ ਢੋਰਾ ਜਾਂ ਝੱਜਰ ਤੋਹਫ਼ੇ ਵਜੋਂ ਕੌਣ ਭੇਟ ਕਰਦਾ ਹੈ ? 1

(ੳ) ਮਹਿਰਾ (ਅ) ਘੁਮਿਆਰ

(ੲ) ਦਾਈ (ਸ) ਤਰਖ਼ਾਣ

(iii) 'ਸਾਂਝ' ਕਹਾਣੀ ਵਿੱਚ ਪ੍ਰੋਫ਼ੈਸਰ ਬੁੱਢੀ ਮਾਈ ਦੀ ਮਦਦ ਕਰਨ ਲਈ ਰੁਕਿਆ ਪਰ ਉਸ ਦੀ ਮਾੜੀ ਹਾਲਤ ਦੇਖ ਕੇ ਉਸ ਦਾ ਮਨ ਮਿਚਕ ਗਿਆ। ਉਸ ਨੇ ਰੁੱਖੀ ਆਵਾਜ਼ ਵਿੱਚ ਕਿਹਾ ਕਿ ਉਸ ਨੇ ਤਾਂ ਮਸੀਂ ਇੱਕ ਮੀਲ ਸ਼ਹਿਰ ਤੱਕ ਹੀ ਜਾਣਾ ਹੈ ਤਾਂਕਿ ਉਹ ਆਪ ਹੀ ਨਾਂਹ ਕਰ ਦੇਵੇ। ਪਰ ਆਸ ਦੇ ਉਲਟ ਬੁੱਢੀ ਮਾਈ ਨੇ ਉਸ ਨੂੰ ਨਾਲ਼ ਲੈ ਜਾਣ ਦਾ ਤਰਲਾ ਕੀਤਾ, ਤਾਂ ਉਸ ਸਮੇਂ ਪ੍ਰੋਫ਼ੈਸਰ ਨੂੰ ਕਿਹੜੀ ਅਖਾਉਤ ਯਾਦ ਆਈ ? 1

(ੳ) 'ਭੰਡਾ-ਭੰਡਾਰੀਆ ਕਿੰਨਾ ਕੁ ਭਾਰ' ਵਾਲ਼ੀ (ਅ) 'ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ' ਵਾਲ਼ੀ

(ੲ) 'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ' ਵਾਲ਼ੀ (ਸ) 'ਸੱਪ ਦੇ ਮੂੰਹ ਵਿੱਚ ਕੋਹੜ-ਕਿਰਲੀ' ਵਾਲ਼ੀ

(iv) ਕਿਰਪਾਲ ਕਜ਼ਾਕ ਦਾ ਲਿਖਿਆ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਦਾ ਹਿੱਸਾ ਹੈ ? 1

(ੳ) ਪੰਜਾਬ ਦੇ ਲੋਕ-ਨਾਚ (ਅ) ਪੰਜਾਬੀ ਸੱਭਿਆਚਾਰਿਕ ਪਰਿਵਰਤਨ

(ੲ) ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ (ਸ) ਪੰਜਾਬ ਦੇ ਮੇਲੇ ਤੇ ਤਿਉਹਾਰ

(v) ਅਖਾਉਤ ਪੂਰੀ ਕਰੋ : 'ਘੜੇ ਨੂੰ ਹੱਥ ਲਾਇਆ ________ ।' 1

(ੳ) ਸਾਰਾ ਟੱਬਰ ਰਜਾਇਆ (ਅ) ਸਾਰਾ ਟੱਬਰ ਤਿਹਾਇਆ

(ੲ) ਸਾਰਾ ਟੱਬਰ ਭਜਾਇਆ (ਸ) ਸਾਰਾ ਟੱਬਰ ਨਚਾਇਆ

**ਭਾਗ-ਅ** : ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ : **5x1=5**

(i) ਪੋਹ ਮਹੀਨੇ ਹਨੇਰੇ ਪੱਖ ਦੀਆਂ ਪੰਦਰਾਂ ਤਿਥਾਂ ਨੂੰ ਸਰਾਧ ਕੀਤੇ ਜਾਂਦੇ ਹਨ। 1

(ii) ਮਰਾਸੀਆਂ ਕੋਲ਼ ਭਾਸ਼ਾਈ ਮੁਹਾਵਰੇ ਦੀ ਕਲਾ ਹੁੰਦੀ ਹੈ। 1

(iii) 'ਹੁੱਲੇ-ਹੁਲਾਰੇ' ਲੋਕ-ਨਾਚ ਇਸਤਰੀਆਂ ਦੁਆਰਾ ਹੋਲੀ ਅਤੇ ਲੋਹੜੀ ਜਿਹੇ ਮਾਂਗਲਿਕ ਤਿਉਹਾਰਾਂ ਸਮੇਂ ਘੇਰੇ ਦੇ ਰੂਪ ਵਿੱਚ ਨੱਚਿਆ ਜਾਂਦਾ ਸੀ। 1

(iv) 'ਆਪਣਾ ਦੇਸ' ਕਹਾਣੀ ਵਿੱਚ ਪੰਜਾਬੀਆਂ ਦੇ ਰੀਤੀ-ਰਿਵਾਜ ਅਤੇ ਪੇਂਡੂ ਸੱਭਿਆਚਾਰ ਦਾ ਚਿਤਰਨ ਪੇਸ਼ ਕੀਤਾ ਗਿਆ ਹੈ। 1

(v) ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ ਤਾਂ ਅਜਿਹੀ ਸਥਿਤੀ ਉੱਪਰ 'ਅੰਨ੍ਹਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ' ਅਖਾਉਤ ਬਿਲਕੁਲ ਢੁਕਵੀਂ ਹੈ। 1

**ਭਾਗ – ੲ** : ਖ਼ਾਲੀ ਥਾਵਾਂ ਭਰੋ : **5x1=5**

(i) ਲਿਖਤੀ ਰੂਪ ਵਿੱਚ ਆ ਕੇ ਨਕਲਾਂ ਸਥਿਰ ਤੇ ________ ਹੋ ਜਾਂਦੀਆਂ ਹਨ। 1

(ii) 'ਓਲਡ ਏਜ ਹੋਮ' ________ ਦਾ ਬਦਲ ਨਹੀਂ ਬਣ ਸਕਦੇ। 1

(iii) ਕਾਵਿ-ਸਤਰ ਪੂਰੀ ਕਰੋ : 1

ਉਹ ਸਦੀਆਂ ਦੀ ਬੋਹੜ ਕਿਸ ਵੱਢੀ,
ਉਹ ਪੁਰਾਣਾ________ ਕਿੱਥੇ ਉੱਡ ਗਿਆ ?

(iv) ਕਾਵਿ-ਸਤਰ ਪੂਰੀ ਕਰੋ : 1

ਅੱਖਾਂ ਦੇ ਵਿੱਚ ਛਲਕਣ ________ ,
ਹਿੱਕਾਂ ਦੇ ਵਿੱਚ ਆਹਾਂ।

(v) ਅਖਾਉਤ ਪੂਰੀ ਕਰੋ :

'ਜਾਂਦੇ ਚੋਰ ਦੀ ________ ।' 1

ਭਾਗ – ਸ : ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ : 5x1=5

(i) ਪੁਰਾਣਿਕ ਕਾਲ ਦੀ ਕਥਾ ਪ੍ਰਹਿਲਾਦ ਭਗਤ ਦਾ ਸੰਬੰਧ ਕਿਸ ਤਿਉਹਾਰ ਨਾਲ਼ ਜੋੜਿਆ ਜਾਂਦਾ ਹੈ ? 1

(ii) ਸ਼ੀਸ਼ੇ ਦੇ ਟੁਕੜੇ ਲਾ ਕੇ ਕੱਢੀ ਜਾਣ ਵਾਲ਼ੀ ਫੁਲਕਾਰੀ ਦਾ ਨਾਂ ਦੱਸੋ । 1

(iii) ਪੰਜਾਬੀ ਦੇ ਕਿਸ ਕਵੀ ਦੀ ਗ਼ਜ਼ਲ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ ? 1

(iv) 'ਬਹੁਤ ਜ਼ਿਆਦਾ ਰੌਲ਼ਾ ਪਾਈ ਜਾਣਾ ਪਰ ਅਮਲੀ ਰੂਪ ਵਿੱਚ ਕੁਝ ਵੀ ਨਾ ਕਰਨਾ' ਅਜਿਹੀ ਸਥਿਤੀ ਲਈ ਕਿਹੜੀ ਅਖਾਉਤ ਢੁਕਵੀਂ ਹੈ ? 1

(v) 'ਕੁੱਬੀ ਹੋਈ ਉਹਦੀ ਪਿੱਠ 'ਤੇ ਸੱਜੇ ਮੋਢੇ ਦੀ ਹੱਡੀ ਤੱਕ, ਭੈੜੀ ਜਿਹੀ ਬੁਸ਼ਰਟ 'ਤੇ ਹੋਰ ਰੰਗ ਦੇ ਕੱਪੜੇ ਦੀ ਟਾਕੀ ਲੱਗੀ ਹੋਈ ਸੀ । ਕੱਛੇ ਹੇਠ ਕਾਲ਼ੀਆਂ ਸੁੱਕੀਆਂ ਲੱਤਾਂ ਸਨ ਤੇ ਸਿਰ ਦੇ ਵਾਲ਼ ਮੈਲੇ, ਉਲਝੇ ਹੋਏ ਸਨ ।' ਇਹ ਸਤਰਾਂ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਹਾਣੀਆਂ ਦੇ ਕਿਸ ਪਾਤਰ ਦਾ ਹੁਲੀਆ ਬਿਆਨ ਕਰਦੀਆਂ ਹਨ । 1

2. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : 3x2=6

ਸੱਭਿਆਚਾਰ ਇੱਕ ਵਗਦਾ ਦਰਿਆ ਹੈ । ਇਸ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ । ਇਸ ਪਰਿਵਰਤਨ ਦੇ ਬਹੁਤ ਸਾਰੇ ਅੰਦਰਲੇ ਅਤੇ ਬਾਹਰਲੇ ਕਾਰਨ ਹੁੰਦੇ ਹਨ । ਸੱਭਿਆਚਾਰ ਜੀਵਨ-ਜਾਚ ਹੈ । ਜੀਵਨ-ਜਾਚ ਦੇ ਆਧਾਰ ਪੈਦਾਵਾਰੀ ਸਾਧਨਾਂ, ਸ਼ਕਤੀਆਂ ਅਤੇ ਤਕਨੀਕ ਦੇ ਬਦਲ ਜਾਣ ਨਾਲ ਸੱਭਿਆਚਾਰ ਵੀ ਬਦਲ ਜਾਂਦਾ ਹੈ । ਕਈ ਵਾਰ ਸੱਭਿਆਚਾਰ ਦੂਸਰੇ ਸੱਭਿਆਚਾਰਾਂ ਦੇ ਪ੍ਰਭਾਵ ਅਧੀਨ ਵੀ ਤਬਦੀਲ ਹੋ ਜਾਂਦਾ ਹੈ । ਸੱਭਿਆਚਾਰ ਦਾ ਮਨੁੱਖੀ ਇਤਿਹਾਸ ਨਾਲ ਗੂੜ੍ਹਾ ਸੰਬੰਧ ਹੁੰਦਾ ਹੈ ਅਤੇ ਇਸ ਦੀਆਂ ਪਰੰਪਰਾਵਾਂ ਬਣਨ ਵਿੱਚ ਸਦੀਆਂ ਲੱਗ ਜਾਂਦੀਆਂ ਹਨ । ਹਰ ਸੱਭਿਆਚਾਰ ਸਮੇਂ ਨਾਲ ਵੇਲ਼ਾ ਵਿਹਾ ਚੁੱਕੇ ਰਸਮ-ਰਿਵਾਜ, ਵਿਸ਼ਵਾਸ, ਸੁਹਜ-ਸੁਆਦ ਅਤੇ ਕੰਮਾਂ-ਕਾਰਾਂ ਨੂੰ ਛੱਡਦਾ ਜਾਂਦਾ ਹੈ ਅਤੇ ਨਵੀਆਂ ਲੋੜਾਂ ਅਨੁਸਾਰ ਨਵੀਆਂ ਕਦਰਾਂ-ਕੀਮਤਾਂ ਨੂੰ ਉਸਾਰਦਾ ਹੋਇਆ ਨਵੀਆਂ ਕਲਾਵਾਂ ਦੀ ਸਿਰਜਣਾ ਕਰਦਾ ਰਹਿੰਦਾ ਹੈ । ਇਹ ਕੁਝ ਆਮ ਕਰਕੇ ਸਹਿਜ ਅਤੇ ਅਵਚੇਤਨੀ ਪੱਧਰ ਉੱਪਰ ਵਾਪਰਦਾ ਰਹਿੰਦਾ ਹੈ । ਉੱਤਰ-ਆਧੁਨਿਕ ਯੁੱਗ ਵਿੱਚ ਨਵੀਂ ਤਕਨੀਕ ਦੇ ਤੇਜ਼-ਤਰਾਰ, ਆਵਾਜਾਈ ਅਤੇ ਸੰਚਾਰ-ਸਾਧਨ ਵਿਕਸਿਤ ਹੋ ਜਾਣ ਨਾਲ ਸੱਭਿਆਚਾਰ ਵੀ ਤੇਜ਼ੀ ਨਾਲ ਬਦਲ ਰਿਹਾ ਹੈ । ਇਸ ਤਬਦੀਲੀ ਪ੍ਰਤੀ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆ ਰਹੇ ਹਨ । ਇੱਕ ਵਿਚਾਰ ਅਨੁਸਾਰ ਇਹ ਤਬਦੀਲੀਆਂ ਨਕਾਰਾਤਮਿਕ ਹਨ । ਦੂਸਰੇ ਵਿਚਾਰ ਅਨੁਸਾਰ ਨਵੀਆਂ ਤਬਦੀਲੀਆਂ ਸਾਕਾਰਾਤਮਿਕ ਹਨ । ਜਿੱਥੇ ਪਹਿਲੇ ਵਿਚਾਰ ਦੇ ਧਾਰਨੀ ਸਾਰੇ ਹੀ ਪੁਰਾਣੇ ਸੱਭਿਆਚਾਰ ਨੂੰ ਵਡਿਆਉਂਦੇ ਹਨ ਤੇ ਅਜੋਕੇ ਸੱਭਿਆਚਾਰ ਨੂੰ ਛੁਟਿਆਉਂਦੇ ਹਨ, ਉੱਥੇ ਨਵੇਂ ਸੱਭਿਆਚਾਰ ਦੇ ਪੱਖੀ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ । ਅਸਲ ਵਿੱਚ ਸਾਨੂੰ ਆਪਣੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ, ਰੁਚੀਆਂ, ਕਲਾਵਾਂ ਅਤੇ ਕੰਮ-ਧੰਦਿਆਂ ਬਾਰੇ ਹਰ ਸਮੇਂ ਚਿੰਤਨ ਪੱਧਰ 'ਤੇ ਸੋਚ-ਵਿਚਾਰ ਕਰਦੇ ਰਹਿਣਾ ਚਾਹੀਦਾ ਹੈ ।

(ੳ) ਪੈਰੇ ਵਿੱਚੋਂ ਦੋ ਸ਼ਬਦ ਅਜਿਹੇ ਚੁਣੋ ਜੋ ਇੱਕ-ਦੂਜੇ ਦੇ ਵਿਰੋਧੀ ਸ਼ਬਦ ਹੋਣ । 2

(ਅ) ਸੱਭਿਆਚਾਰ ਵਿੱਚ ਪਰਿਵਰਤਨ ਆਉਣ ਦੇ ਕੀ ਕਾਰਨ ਹਨ ? 2

(ੲ) ਉੱਪਰ ਦਿੱਤਾ ਗਿਆ ਪੈਰਾ ਕਿਸ ਲੇਖ ਵਿੱਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ ? 1+1=2

3. ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ : 4x3=12

(ੳ) ਜੀਵ ਦੀ ਮੌਤ ਹੋਣ 'ਤੇ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ? 3

(ਅ) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ ? 3

(ੲ) ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ ? 3

(ਸ) ਨੱਕਲਾਂ ਖੇਡਣ ਲਈ ਕਿਹੋ-ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ ? 3

(ਹ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਵਿੱਚ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ। ਇਸ 'ਤੇ ਉਦਾਹਰਨਾਂ ਸਹਿਤ ਚਾਨਣਾ ਪਾਓ। 3

(ਕ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ? 3

(ਖ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ? 3

4. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ। 2+4+1=7

ਜਾਂ

ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਤੋਂ, ਆਪਣੀ ਯੋਗਤਾ ਦੱਸਦੇ ਹੋਏ, ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ। 2+4+1=7

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ : 3+1=4

ਵਿਆਹ ਸੰਬੰਧੀ ਸਭ ਤੋਂ ਪਹਿਲੀ ਰਸਮ ਹੈ – ਵਰ ਦੀ ਚੋਣ ਕਰਨੀ। ਵਰ ਦੀ ਚੋਣ ਕਰਨ ਸਮੇਂ ਬਹੁਤੀ ਵਾਰ ਲੜਕੀ ਦੀ ਮਰਜ਼ੀ ਉੱਕਾ ਹੀ ਨਹੀਂ ਪੁੱਛੀ ਜਾਂਦੀ। ਪੁਰਾਣਿਆਂ ਸਮਿਆਂ ਵਿੱਚ ਇਹ ਕੰਮ ਨਾਈ, ਪਰੋਹਤ ਜਾਂ ਵਿਚੋਲੇ ਦੁਆਰਾ ਕੀਤਾ ਜਾਂਦਾ ਸੀ। ਵਿਚੋਲੇ ਦੀ ਦੱਸ ਅਨੁਸਾਰ ਜੇਕਰ ਲੜਕਾ ਲੜਕੀ ਦੇ ਪਿਤਾ ਨੂੰ ਪਸੰਦ ਆ ਜਾਵੇ ਤਾਂ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਭਾਵੇਂ ਅੱਜ-ਕੱਲ੍ਹ ਵਿੱਦਿਆ ਦੇ ਪਸਾਰ ਨਾਲ ਲੜਕਾ-ਲੜਕੀ ਵਿਆਹ ਤੋਂ ਪਹਿਲਾਂ ਇੱਕ-ਦੂਜੇ ਨੂੰ ਪਸੰਦ ਕਰ ਲੈਂਦੇ ਹਨ ਅਰਥਾਤ ਦੋਵਾਂ ਧਿਰਾਂ ਦੀ ਮਰਜ਼ੀ ਪੁੱਛੀ ਜਾਣ ਲੱਗ ਪਈ ਹੈ ਅਤੇ ਕਿਧਰੇ-ਕਿਧਰੇ ਸ਼ਹਿਰਾਂ ਵਿੱਚ ਪ੍ਰੇਮ-ਵਿਆਹ ਤੇ ਅੰਤਰਜਾਤੀ ਵਿਆਹ ਵੀ ਸਫ਼ਲਤਾ ਨਾਲ ਸਿਰੇ ਚੜ੍ਹ ਰਹੇ ਹਨ ਪਰ ਪਰੰਪਰਿਕ ਤੌਰ-ਤਰੀਕਿਆਂ ਅਤੇ ਸਮਾਜਿਕ ਵਿਧਾਨ ਅਨੁਸਾਰ ਰਿਸ਼ਤਾ ਕਰਨ ਵੇਲ਼ੇ ਜਾਤ-ਬਰਾਦਰੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਆਪਣੀ ਜਾਤ-ਬਰਾਦਰੀ ਤੋਂ ਬਾਹਰ ਵਿਆਹ ਨਹੀਂ ਕੀਤੇ ਜਾਂਦੇ। ਕੁਝ ਬਰਾਦਰੀਆਂ ਵਿੱਚ ਮਾਂ-ਪਿਓ ਦੀਆਂ ਦੋਹਾਂ ਦੀਆਂ ਗੋਤਾਂ ਵਿੱਚ ਵਿਆਹ ਵਰਜਿਤ ਹਨ ਅਤੇ ਕੁਝ ਵਿੱਚ ਮਾਂ-ਪਿਓ ਤੋਂ ਬਿਨਾਂ ਨਾਨੀ, ਦਾਦੀ ਦੀਆਂ ਗੋਤਾਂ ਅਥਵਾ ਚਾਰ ਗੋਤਾਂ ਵਿੱਚ। ਰਿਸ਼ਤੇ-ਨਾਤੇ ਕਰਨ ਵੇਲ਼ੇ ਭੂਗੋਲਿਕ ਖੇਤਰ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਆਪਣੇ ਪਿੰਡ ਵਿੱਚ ਹੀ ਮੁੰਡੇ-ਕੁੜੀ ਦਾ ਰਿਸ਼ਤਾ ਕਰਨ ਦੀ ਪ੍ਰਥਾ ਨਹੀਂ ਹੈ ਕਿਉਂਕਿ ਪਿੰਡ ਦੀ ਧੀ ਸਾਂਝੀ ਧੀ ਸਮਝੀ ਜਾਂਦੀ ਹੈ, ਉਸ ਨਾਲ ਵਿਆਹ ਕਰਨਾ, ਲੋਕਾਚਾਰ ਦੇ ਵਿਰੁੱਧ ਹੈ।

6. (ੳ) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਚਾਰ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ : 4x1=4

(i) ਜਿਹੜੇ ਬੱਚੇ ਸਮਝਦਾਰ ਹੁੰਦੇ ਹਨ, ਉਹ ਮਾਪਿਆਂ ਦਾ ਕਿਹਾ ਮੰਨਦੇ ਹਨ। (ਸਧਾਰਨ ਵਾਕ) 1

(ii) ਬਿਪਤਾ ਸਮੇਂ ਧੀਰਜ ਰੱਖੋ। (ਮਿਸ਼ਰਿਤ ਵਾਕ) 1

(iii) ਅੱਗੇ ਵੱਧ ਕੇ ਵੈਰੀ ਦੇ ਦੰਦ ਖੱਟੇ ਕਰੋ। (ਸੰਜੁਗਤ ਵਾਕ) 1

(iv) ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ। (ਵਿਸਮੈ-ਵਾਚਕ ਵਾਕ) 1

(v) ਕੋਈ ਸੋਹਣਾ ਜਿਹਾ ਗੀਤ ਸੁਣਾਓ। (ਪ੍ਰਸ਼ਨ-ਵਾਚਕ ਵਾਕ) 1

(vi) ਕਾਰ ਰਾਜੂ ਦੁਆਰਾ ਚਲਾਈ ਗਈ। (ਕਰਤਰੀ ਵਾਚ ਵਾਕ) 1

(vii) ਸਿਰਫ਼ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ। (ਨਾਂਹ-ਵਾਚਕ ਵਾਕ) 1

(ਅ) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ : 6x½=3

| | |
|---|---|
| ਫ਼ਰਿਸ਼ਤਾ | ਗੁੜ੍ਹਤੀ |
| ਫ਼ਕੀਰ | ਕੰਙਣਾ |
| ਫ਼ੌਲਾਦੀ | ਜੰਗਲ |
| ਫ਼ਿਲਹਾਲ | ਕਿਰਿਆ |
| ਫ਼ਸਲ | ਦਸਤਕਾਰ |
| ਫ਼ਿਰਕੀ | ਨਕੇਲ |

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ : 5x2=10

(ੳ) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ 2

(ਅ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ 2

(ੲ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ 2

(ਸ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ 2

(ਹ) ਉੱਖਲ਼ੀ ਵਿੱਚ ਸਿਰ ਦਿੱਤਾ ਤਾਂ ਮੋਹਲ਼ਿਆਂ ਦਾ ਕੀ ਡਰ 2

(ਕ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ 2

(ਖ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ 2

(ਗ) ਠੂਠਾ ਟੁੱਟ ਕੇ ਛੰਨਾ ਮਿਲ਼ਿਆ 2

8. ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਤੱਕ-ਤੱਕ ਕਸਬ ਹੁਨਰ ਮੁਗ਼ਲਾਂ ਦਾ, ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ, ਲੂੰ-ਲੂੰ ਪਿਆ ਸਲਾਹਵੇ ।
ਏਨੇ ਨੂੰ ਗੁੰਬਦ ਦਾ ਆਂਡਾ, ਟੋਟੇ-ਟੋਟੇ ਹੋਇਆ,
ਚੀਕਾਂ, ਕੂਕਾਂ ਤੇ ਫ਼ਰਿਆਦਾਂ, ਜਾ ਅੰਬਰ ਨੂੰ ਛੋਹਿਆ ।

(ੳ) ਕਾਵਿ-ਸਤਰਾਂ ਵਿੱਚ ਆਏ ਸ਼ਬਦ 'ਕਸਬ' ਦਾ ਕੀ ਅਰਥ ਹੈ ? 1

(ਅ) ਕਵਿਤਾ ਵਿੱਚ ਕਿਹੜੇ ਲੋਕਾਂ ਦੀਆਂ ਚੀਕਾਂ, ਕੂਕਾਂ ਤੇ ਫ਼ਰਿਆਦਾਂ ਦਾ ਜ਼ਿਕਰ ਹੋਇਆ ਹੈ ? 1

(ੲ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਅਤੇ ਕਵੀ ਦਾ ਨਾਂ ਦੱਸੋ । 1+1=2

9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ : 4

(ੳ) ਮੇਰਾ ਬਚਪਨ (ਹਰਿਭਜਨ ਸਿੰਘ)

(ਅ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)

(ੲ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 6

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)